# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਦੇਵੀ-ਪੂਜਾ

{ਪ੍ਰੋਫੈਸਰ ਸਾਹਿਬ ਸਿੰਘ}

(ਧੰਨਵਾਦ ਸਹਿਤ 'ਪੰਜ ਦਰਿਆ' ਸੰਨ 1941 ਈ: ਵਿਚੋਂ)

ਇਕ ਅਕਾਲ ਪੁਰਖ ਉਤੇ ਟੇਕ ਰੱਖਣ ਵਾਲੇ ਮਹਾਂ-ਬਲੀ ਗੁਰੂ ਗੋਬਿੰਦ ਸਿੰਘ ਜੀ ਦੇ ਸੰਬੰਧ ਵਿਚ ਇਹ ਖਿਆਲ ਚੱਲ ਪੈਣਾ ਕਿ ਉਨ੍ਹਾਂ ਨੇ ਦੁਰਗਾ ਜਾਂ ਕਾਲਕਾ ਦੇਵੀ ਦੀ ਪੂਜਾ ਕੀਤੀ, ਦੇਵੀ ਨੂੰ ਪ੍ਰਗਟ ਕੀਤਾ, ਇਕ ਬੜੀ ਹੈਰਾਨ ਕਰਨ ਵਾਲੀ ਗੱਲ ਹੈ।ਪਰ ਇਹ ਖਿਆਲ ਆਰੰਭ ਕਿਵੇਂ ਹੋਇਆ? ਭਾਈ ਸੁੱਖਾ ਸਿੰਘ ਇਕ ਕਵੀ ਹੋਇਆ ਹੈ, ਜਿਸਨੇ ਸ੍ਰੀ ਗੁਰੂ ਦਸਮ ਪਾਤਸ਼ਾਹ ਜੀ ਦਾ 'ਗੁਰ ਬਿਲਾਸ' ਲਿਖਿਆ ਸੀ।ਇਹ ਕਿਤਾਬ ਸਤਿਗੁਰੂ ਜੀ ਦੇ ਜੋਤੀ ਜੋਤ ਸਮਾਵਣ ਤੋਂ ਇਕ ਸੌ ਸਾਲ ਪਿੱਛੋਂ ਲਿਖੀ ਗਈ ਸੀ।ਇਸ ਵਿਚ ਭਾਈ ਸੁੱਖਾ ਸਿੰਘ ਨੇ ਲਿਖਿਆ ਕਿ ਸਤਿਗੁਰੂ ਜੀ ਨੇ ਸੰਮਤ 1756 ਵਿਚ 'ਖਾਲਸਾ' ਸਾਜਣ ਤੋਂ ਪਹਿਲਾਂ ਦੇਵੀ ਪ੍ਰਗਟ ਕੀਤੀ ਸੀ।ਇਕ ਵਾਰੀ ਇਕ ਸਾਖੀ ਘੜੀ ਗਈ, ਫਿਰ ਤਾਂ ਉਸ ਤੋਂ ਪਿੱਛੋਂ ਦੇ ਲਿਖਾਰੀਆਂ ਨੇ ਵੀ ਇਹੀ ਗੱਲ ਸੁਤੇ ਹੀ ਲਿਖ ਦੇਣੀ ਸੀ।ਸੋ, ਭਾਈ ਸੰਤੋਖ ਸਿੰਘ ਨੇ ਆਪਣੀ ਪੁਸਤਕ 'ਗੁਰ ਪ੍ਰਤਾਪ ਸੂਰਜ ਪ੍ਰਕਾਸ਼' ਵਿਚ ਭੀ ਲਿਖ ਦਿੱਤਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਦੇਵੀ ਪ੍ਰਗਟ ਕੀਤੀ।ਫੇਰ ਵਾਰੀ ਆਈ ਬਾਵਾ ਸੁਮੇਰ ਸਿੰਘ ਦੀ, ਇਨ੍ਹਾਂ ਭੀ 'ਗੁਰ ਬਿਲਾਸ' ਲਿਖਿਆ ਤੇ ਇਹੀ ਗੱਲ ਦਰਜ਼ ਕੀਤੀ।ਇਸ ਤੋਂ ਪਿੱਛੋਂ ਗਿਆਨੀ ਗਿਆਨ ਸਿੰਘ ਨੇ ਪੁਸਤਕ 'ਪੰਥ ਪ੍ਰਕਾਸ਼' ਵਿਚ ਇਹੀ ਸਾਖੀ ਲਿਖੀ।

ਸੋ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੇਵੀ-ਪੂਜਨ ਦਾ ਜ਼ਿਕਰ ਕਰਨ ਵਾਲੇ ਇਹ ਚਾਰੇ ਸਿੱਖ ਲਿਖਾਰੀ ਸਨ:-

ਭਾਈ ਸੁੱਖਾ ਸਿੰਘ--'ਗੁਰ ਬਿਲਾਸ'।

ਭਾਈ ਸੰਤੋਖ ਸਿੰਘ--'ਗੁਰ ਪ੍ਰਤਾਪ ਸੂਰਜ ਪ੍ਰਕਾਸ਼'।

ਬਾਵਾ ਸੁਮੇਰ ਸਿੰਘ--'ਗੁਰ ਬਿਲਾਸ'।

ਗਿਆਨੀ ਗਿਆਨ ਸਿੰਘ--'ਪੰਥ ਪ੍ਰਕਾਸ਼'।

ਇਹ ਚਾਰੇ ਪੁਸਤਕ ਤਾਂ ਹਨ 'ਕਵਿਤਾ' ਵਿਚ।ਇਨ੍ਹਾਂ ਤੋਂ ਛੁੱਟ, 'ਵਾਰਤਕ' ਵਿਚ 'ਦੇਵੀ-ਪੂਜਨ' ਸੰਬੰਧੀ ਕੀਤੇ ਗਏ 'ਹਵਨ' ਦਾ ਜ਼ਿਕਰ ਗਿ. ਗਿਆਨ ਸਿੰਘ ਨੇ ਪੁਸਤਕ 'ਤਵਾਰੀਖ ਖਾਲਸਾ' ਤੇ ਮੈਕਾਲਿਫ ਨੇ 'ਸਿੱਖ ਰਿਲਿਜਨ' ਵਿਚ ਕੀਤਾ ਹੈ।

ਆਓ, ਹੁਣ ਇਨ੍ਹਾਂ ਸਾਰਿਆਂ ਨੂੰ ਵਾਰੋ ਵਾਰੀ ਲੈਕੇ ਵੇਖੀਏ ਤੇ ਵਿਚਾਰ ਦੀ ਕਸਵੱਟੀ ਤੇ ਪਰਖੀਏ ਕਿ ਇਹ ਕਹਾਣੀ ਕਿੱਥੋਂ ਤੱਕ ਠੀਕ ਹੈ।ਉਪਰ ਲਿਖੇ ਚੌਹਾਂ ਲਿਖਾਰੀਆਂ ਨੇ ਦੇਵੀ-ਪੂਜਾ ਦਾ ਪ੍ਰਸੰਗ ਚੰਗੇ ਵਿਸਥਾਰ ਨਾਲ ਲਿਖਿਆ ਹੈ।ਏਸ ਪ੍ਰਸੰਗ ਦੀ ਪੜਚੋਲ ਕਰਨ ਵਾਸਤੇ ਜਦੋਂ ਅਸੀਂ ਏਸ ਨੂੰ ਅੱਡ ਅੱਡ ਹਿੱਸਿਆਂ ਵਿਚ ਨਿਖੇੜਦੇ ਹਾਂ, ਤਾਂ ਹੇਠ ਲਿਖੇ ਅੰਗ ਬਣਦੇ ਹਨ:-

(1) ਹਵਨ ਕਿਤਨਾ ਚਿਰ ਹੁੰਦਾ ਰਿਹਾ।

(2) ਹਵਨ ਕਰਨ ਵਾਲੇ ਬ੍ਰਾਹਮਣਾਂ ਦੇ ਨਾਮ ਕੀ ਸਨ।

(3) ਦੇਵੀ ਪ੍ਰਗਟ ਕਰਨ ਲਈ ਸਤਿਗੁਰੂ ਜੀ ਦਾ ਮਨੋਰਥ ਕੀ ਸੀ।

(4) ਜਦੋਂ ਦੇਵੀ ਪ੍ਰਗਟ ਹੋਈ ਤਾਂ ਉਸਦਾ ਰੂਪ ਕੀ ਸੀ।

(5) ਪ੍ਰਗਟ ਹੋਈ ਦੇਵੀ ਦਾ ਦਰਸ਼ਨ ਕਰਨ ਵੇਲੇ ਸਤਿਗੁਰੂ ਜੀ ਦਾ ਰਵਈਆ ਕੀ ਸੀ।

(6) ਪ੍ਰਗਟ ਹੋਕੇ ਦੇਵੀ ਨੇ ਸਤਿਗੁਰੂ ਜੀ ਪਾਸੋਂ ਕਿਹੜੀ ਭੇਟਾ ਮੰਗੀ ਸੀ।

(7) ਸਤਿਗੁਰੂ ਜੀ ਉਤੇ ਪ੍ਰਸੰਨ ਹੋਕੇ ਦੇਵੀ ਉਨ੍ਹਾਂ ਨੂੰ ਕੀ ਦੇ ਗਈ।

ਇਹ ਉਪਰ ਲਿਖੇ ਅੰਗ ਇਨ੍ਹਾਂ ਚੌਹਾਂ ਲਿਖਾਰੀਆਂ ਦੀ ਲਿਖਤ ਵਿੱਚੋਂ ਟਕਰਾਇਆਂ ਹੇਠ ਲਿਖੀਆਂ ਗੱਲਾਂ ਲੱਭਦੀਆਂ ਹਨ:-

(1)ਹਵਨ ਦਾ ਸਮਾਂ:-

ਭਾਈ ਸੁੱਖਾ ਸਿੰਘ –ਢਾਈ ਸਾਲ ਹਵਨ ਹੁੰਦਾ ਰਿਹਾ।

ਸੰਤੋਖ ਸਿੰਘ—ਪੰਜਵੇਂ ਮਹੀਨੇ ਦੇਵੀ ਸੁਫਨੇ ਵਿਚ ਮਿਲੀ।

ਬਾਵਾ ਸੁਮੇਰ ਸਿੰਘ—2 ਸਾਲ।

ਗਿ. ਗਿਆਨ ਸਿੰਘ—1 ਸਾਲ।

(2) ਹਵਨ ਕਰਨ ਵਾਲਾ ਬ੍ਰਾਹਮਣ:-

ਭਾਈ ਸੁੱਖਾ ਸਿੰਘ—ਉਜੈਨ ਦਾ ਪੰਡਿਤ ਦੱਤਾ ਨੰਦ।

ਭਾਈ ਸੰਤੋਖ ਸਿੰਘ—ਕਾਂਸ਼ੀ ਦਾ ਪੰਡਿਤ ਕੇਸ਼ੋ ਦਾਸ।
ਬਾਵਾ ਸੁਮੇਰ ਸਿੰਘ -ਗੁਜਰਾਤ ਦਾ ਪੰਡਿਤ ਕਾਲੀਦਾਸ।
ਗਿ.ਗਿਆਨ ਸਿੰਘ—ਪੰਡਿਤ ਬਿਸ਼ਨ ਪਾਲ ਤੇ ਸ਼ਿਵ ਸ਼ੰਕਰ।
(3) ਦੇਵੀ ਪ੍ਰਗਟ ਕਰਨ ਵਿਚ ਸਤਿਗੁਰੂ ਜੀ ਦਾ ਮਨੋਰਥ:-
ਭਾਈ ਸੁੱਖਾ ਸਿੰਘ—ਸ਼ਿਕਾਰ ਤੋਂ ਆ ਕੇ ਇਕ ਦਿਨ ਸਤਿਗੁਰੂ ਜੀ ਨੂੰ ਖਿਆਲ ਆਇਆ ਕਿ ਸਿੱਖਾਂ ਵਿਚ ਸੂਰਬੀਰਤਾ ਪੈਦਾ ਕਰਨ ਲਈ ਦੇਵੀ ਪ੍ਰਗਟ ਕੀਤੀ ਜਾਏ।
ਭਾਈ ਸੰਤੋਖ ਸਿੰਘ—ਹਿੰਦੂ ਮੁਸਲਮਾਨ ਸ੍ਰੀ ਅਨੰਦਪੁਰ ਵੱਲ ਆਉਂਦੇ ਸਿੱਖਾਂ ਨੂੰ ਦੁੱਖ ਦੇਂਦੇ ਸਨ; ਸਤਿਗੁਰੂ ਜੀ ਨੇ ਸਿੱਖਾਂ ਨੂੰ ਟਾਕਰੇ ਤੇ ਤਿਆਰ ਕਰਨ ਲਈ ਇਹ ਉਦਮ ਕੀਤਾ।
ਬਾਵਾ ਸੁਮੇਰ ਸਿੰਘ—ਸਤਿਗੁਰੂ ਜੀ ਦੇ ਨਿੱਜ ਦੇ ਕੰਮਾਂ ਤੇ ਛਿਪ੍ਰ ਜਾਤੀ ਦੇ ਬ੍ਰਾਹਮਣ ਨੌਕਰ ਸਨ।ਇਨਾਂ ਵਿਚੋਂ ਇਕ ਦੇਵੀ ਦਿੱਤਾ ਪੁਰਾਣਾਂ ਦੀ ਕਥਾ ਸੁਣਾਇਆ ਕਰਦਾ ਸੀ।ਇਕ ਦਿਨ ਉਸਨੇ ਭੀਮ ਦੇ ਬਲ ਦੀ ਕਥਾ ਸੁਣਾਈ ਕਿ ਕਿਵੇਂ ਉਹ ਹਾਥੀਆਂ ਨੂੰ ਫੜ੍ਹ ਫੜ੍ਹ ਕੇ ਅਕਾਸ਼ ਵਿਚ ਵਗਾਹ ਮਾਰਦਾ ਸੀ।ਇਹੀ ਬਲ ਸਿੱਖਾਂ ਵਿਚ ਪੈਦਾ ਕਰਨ ਲਈ ਸਤਿਗੁਰੂ ਜੀ ਨੇ ਦੇਵੀ ਦਾ ਅਰਾਧਨ ਕੀਤਾ।
ਗਿ.ਗਿਆਨ ਸਿੰਘ—ਇਕ ਦਿਨ ਦੇਵੀ ਦੇ ਪ੍ਰਤਾਪ ਦੀ ਵਾਰਤਾ ਗੁਰੂ ਕੇ ਦਰਬਾਰ ਵਿਚ ਚਲੀ ਪੰਡਿਤ ਆਖਣ ਲਗੇ ਹੁਣ ਕਲਿਜੁਗ ਵਿਚ ਪ੍ਰਗਟ ਨਹੀਂ ਹੋ ਸਕਦੀ।ਸਤਿਗੁਰੂ ਜੀ ਨੇ ਪੰਡਿਤਾਂ ਦਾ ਇਹ ਭਰਮ ਦੂਰ ਕਰਨ ਲਈ ਹਵਨ ਆਦਿਕ ਕੀਤਾ।
(4)ਪ੍ਰਗਟ ਹੋਈ ਦੇਵੀ ਦਾ ਰੂਪ:-
ਭਾਈ ਸੁੱਖਾ ਸਿੰਘ-ਹੱਥ ਵਿਚ ਸੱਪ ਤੇ ਮਨੁੱਖਾਂ ਦੇ ਸਿਰ।
ਭਾਈ ਸੰਤੋਖ ਸਿੰਘ—ਸ਼ੇਰ ਤੇ ਸਵਾਰ ਹੋ ਕੇ ਪਹਾੜ ਤੇ ਖਲੋ ਗਈ।
ਬਾਵਾ ਸੁਮੇਰ ਸਿੰਘ—ਅਠਾਂ ਹੱਥਾਂ ਵਿਚ ਅਠ ਸ਼ਸਤ੍ਰ।
ਗਿ.ਗਿਆਨ ਸਿੰਘ—ਹੱਥਾਂ ਵਿਚ ਦੋ ਸਿਰ।
(5) ਦੇਵੀ ਦੇ ਪ੍ਰਗਟ ਹੋਣ ਵੇਲੇ ਸਤਿਗੁਰੂ ਜੀ ਦਾ ਰਵਈਆ:-
ਭਾਈ ਸੁੱਖਾ ਸਿੰਘ—ਸਤਿਗੁਰੂ ਜੀ ਨੇ ਵਰ ਮੰਗਿਆ ਕਿ ਪੰਥ ਚਲਾਵਾਂ
ਭਾਈ ਸੰਤੋਖ ਸਿੰਘ—ਦੇਵੀ ਦੇ ਪ੍ਰਗਟਣ ਤੇ ਸਤਿਗੁਰੂ ਜੀ ਦੀਆਂ ਅੱਖਾਂ ਮਿਟ ਗਈਆਂ।ਦੇਵੀ ਨੇ ਬਚਨ ਕੀਤਾ ਕਿ ਚਾਲੀ ਸਾਲ ਪਿਛੋਂ ਪ੍ਰਤਾਪ ਵਧੇਗਾ।
ਬਾਵਾ ਸੁਮੇਰ ਸਿੰਘ--ਦੇਵੀ ਦੇ ਕਹਿਣ ਤੇ ਸਤਿਗੁਰੂ ਜੀ ਨੇ ਉਸ ਦੀ ਉਸਤਤ ਵਿਚ ਛੰਦ ਸੁਣਾਏ।
ਗਿ.ਗਿਆਨ ਸਿੰਘ—ਪ੍ਰਗਟ ਹੋਈ ਦੇਵੀ ਦੇਖ ਕੇ ਸਤਿਗੁਰੂ ਜੀ ਨੇ ਆਪਣੇ ਆਪ ਛੰਦ ਸੁਣਾਉਣੇ ਸ਼ੁਰੂ ਕਰ ਦਿੱਤੇ।
(6)ਪ੍ਰਗਟ ਹੋ ਕੇ ਦੇਵੀ ਨੇ ਸਤਿਗੁਰੂ ਜੀ ਪਾਸੋਂ ਕਿਹੜੀ ਭੇਟਾ ਮੰਗੀ:-
ਭਾਈ ਸੁੱਖਾ ਸਿੰਘ—ਦੇਵੀ ਦੇ ਪ੍ਰਗਟ ਹੋਣ ਤੋਂ ਪਹਿਲਾਂ ਹਵਨ ਕਰਨ ਵਾਲੇ ਪੰਡਿਤ ਨੇ ਬਲੀ ਦੇਣ ਵਾਸਤੇ ਸਾਹਿਬਜ਼ਾਦੇ ਮੰਗੇ।
ਭਾਈ ਸੰਤੋਖ ਸਿੰਘ—ਦੇਵੀ ਨੇ ਖੁਦ ਭੇਟਾ ਵਜੋਂ ਸੀਸ ਮੰਗੇ, ਸਤਿਗੁਰੂ ਜੀ ਨੇ ਕਈ ਸਿੱਖ ਬਲੀ ਦਿਤੇ।
ਬਾਵਾ ਸੁਮੇਰ ਸਿੰਘ—ਸਤਿਗੁਰੂ ਜੀ ਨੇ ਇਕ ਸਿੱਖ ਸੰਗਤੀਆ ਸਿੰਘ ਦੇ ਹੱਥ ਵੱਢ ਕੇ ਭੇਟ ਕੀਤੇ।
ਗਿ.ਗਿਆਨ ਸਿੰਘ—ਸਤਿਗੁਰੂ ਜੀ ਨੇ ਆਪਣੀ ਚੀਚੀ ਦਾ ਲਹੂ ਭੇਟ ਕੀਤਾ।
(7)ਸਤਿਗੁਰੂ ਜੀ ਉਤੇ ਪ੍ਰਸੰਨ ਹੋਕੇ ਦੇਵੀ ਉਨ੍ਹਾਂ ਨੂੰ ਕੀ ਦੇ ਗਈ:-
ਭਾਈ ਸੁੱਖਾ ਸਿੰਘ—ਤਲਵਾਰ।
ਭਾਈ ਸੰਤੋਖ ਸਿੰਘ—ਤਲਵਾਰ।
ਬਾਵਾ ਸੁਮੇਰ ਸਿੰਘ—ਖੰਡਾ।
ਗਿ.ਗਿਆਨ ਸਿੰਘ—ਨਿਕੀ ਜਿਹੀ ਕਰਦ।
ਇਨ੍ਹਾਂ ਚੌਹਾਂ ਲਿਖਤਾਂ ਨੂੰ ਟਕਰਾਇਆਂ ਕਿਆ ਅਜੀਬ ਮੌਜ ਦੀ ਗੱਲ ਬਣੀ ਹੈ ਕਿ ਇਹ ਲਿਖਾਰੀ ਕਿਸੇ ਗੱਲ ਤੇ ਭੀ ਆਪੋ ਵਿਚ ਨਹੀਂ ਮਿਲਦੇ।ਹਰੇਕ ਨੇ ਜੋ ਮੌਜ ਆਈ ਲਿਖ ਦਿਤਾ ਹੈ।ਹੁਣ ਇਨ੍ਹਾਂ ਵਿਚੋਂ ਕਿਸ ਨੂੰ ਠੀਕ ਮੰਨੀਏ।ਸਾਰੇ ਤਾਂ ਠੀਕ ਹੋ ਨਹੀਂ ਸਕਦੇ ਤੇ ਇਸ ਤਰ੍ਹਾਂ ਪਾਟੋਧਾੜ ਹੋਣ ਕਰ ਕੇ, ਇਤਿਹਾਸ ਦੇ ਨਿਸ਼ਾਨੇ ਤੋਂ, ਇਨ੍ਹਾਂ ਵਿੱਚੋਂ ਕਿਸੇ ਉਤੇ ਵੀ ਮਨ ਪਤੀਜ ਨਹੀਂ ਸਕਦਾ।
ਇਥੇ ਇਕ ਗੱਲ ਹੋਰ ਭੀ ਚੇਤੇ ਰੱਖਣ ਵਾਲੀ ਹੈ ਕਿ ਗਿ.ਗਿਆਨ ਸਿੰਘ ਨੇ 'ਪੰਥ ਪ੍ਰਕਾਸ਼' ਦੀ ਦੂਜੀ ਐਡੀਸ਼ਨ ਵਿਚ ਦੇਵੀ ਪ੍ਰਗਟਣ ਦੇ ਪ੍ਰਸੰਗ ਨੂੰ ਆਪ ਹੀ ਰੱਦ ਕਰ ਦਿੱਤਾ ਕਿ ਇਹ ਇਕ ਨਿਰਮੂਲ ਅਫਸਾਨਾ ਹੈ।

ਹੁਣ ਰਹਿ ਗਈ ਗਿ.ਗਿਆਨ ਸਿੰਘ ਦੀ 'ਤਵਾਰੀਖ ਖਾਲਸਾ' ਤੇ ਮੈਕਾਲਿਫ ਦਾ 'ਸਿਖ ਰਿਲਿਜਨ'।ਇਹ ਇਕ ਹੋਰ ਖਿਆਲ ਦੱਸਦੇ ਹਨ।ਸਤਿਗੁਰੂ ਜੀ ਨੇ ਪੰਡਿਤਾਂ ਦਾ ਪਾਜ ਉਘੇੜਨਾ ਸੀ।ਹਵਨ ਸ਼ੁਰੂ ਹੋਇਆ, ਚੋਖਾ ਚਿਰ ਹੁੰਦਾ ਰਿਹਾ, ਦੇਵੀ ਨਾਂ ਪ੍ਰਗਟਈ ਪੰਡਿਤਾਂ ਨੂੰ ਗੁਰੂ ਜੀ ਨੇ ਪੁੱਛਿਆ ਤਾਂ ਕਹਿਣ ਲੱਗੇ ਸਭ ਤੋਂ ਉਤਮ ਭੇਟਾ ਦਿਓ।ਫੁਰਮਾਇਆ—ਬ੍ਰਹਮਾਂ ਦੇ ਮੁੱਖ ਤੋਂ ਪੈਦਾ ਹੋਏ ਬ੍ਰਾਹਮਣਾਂ ਤੋਂ ਵਧੀਕ ਉਤਮ ਹੋਰ ਕੌਣ? ਪੰਡਿਤ ਕੇਸ਼ੋ ਦਾਸ ਖਿਸਕ ਗਿਆ।ਸਤਿਗੁਰੂ ਜੀ ਨੇ ਸਾਰੀ ਸਮੱਗਰੀ ਇਕੱਠੀ ਹਵਨ ਵਿਚ ਸੁੱਟ ਦਿਤੀ, ਬੜੀ ਉਚੀ ਲਾਟ ਨਿਕਲੀ।ਖਿਸਕੇ ਹੋਏ ਪੰਡਿਤਾਂ ਨੇ ਅਨੰਦਪੁਰ ਜਾ ਧੁਮਾਇਆ ਕਿ ਦੇਵੀ ਪ੍ਰਗਟ ਹੋ ਪਈ।ਪਰ ਸਤਿਗੁਰੂ ਜੀ ਨੇ ਮਿਆਨ ਵਿਚੋਂ ਤਲਵਾਰ ਕੱਢ ਕੇ ਬਚਨ ਕੀਤਾ—ਇਹੀ ਹੈ ਭਵਾਨੀ।

(2)

ਇਹ ਸਿੱਖ ਲਿਖਾਰੀ ਤਾਂ ਗੁੰਝਲ ਨੂੰ ਨਿਖੇੜ ਨਹੀਂ ਸਕੇ।ਆਉ, ਸਤਿਗੁਰੂ ਜੀ ਦੇ ਸਮਕਾਲੀ ਸੱਜਣਾ ਤੇ ਅਨਮੱਤੀ ਭਰਾਵਾਂ ਤੋਂ ਪਤਾ ਕੱਢੀਏ।

ਸ੍ਰੀ ਕਲਗੀਧਰ ਜੀ ਦੇ ਪਾਸ 52 ਕਵੀ ਰਹਿੰਦੇ ਸਨ।ਇਨ੍ਹਾਂ ਵਿਚੋਂ ਇਕ ਦਾ ਨਾਮ ਸੀ 'ਸੈਨਾਪਤਿ'।ਇਸ ਕਵੀ 'ਸੈਨਾਪਤਿ' ਨੇ ਇਕ ਪੁਸਤਕ 'ਸ੍ਰੀ ਗੁਰ ਸੋਭਾ' ਲਿਖੀ ਹੈ ਜੋ ਇਸ ਨੇ ਸੰਮਤ 1758 ਵਿਚ ਸ਼ੁਰੂ ਕੀਤੀ ਤੇ 1765 ਤੋਂ ਪਿੱਛੋਂ ਖਤਮ ਕੀਤੀ।

ਇਹ ਕਵੀ ਸਤਿਗੁਰੂ ਜੀ ਦੇ 'ਖਾਲਸਾ' ਸਾਜਣ ਦਾ ਜ਼ਿਕਰ ਤਾਂ ਕਰਦਾ ਹੈ (ਜੋ ਵਿਸਾਖ ਸੰਮਤਿ1756 ਵਿਚ ਹੋਇਆ), ਪਰ ਕਿਸੇ ਦੇਵੀ ਦੇ ਪੂਜਣ ਜਾਂ ਹਵਨ ਕਰਨ ਦਾ ਜ਼ਿਕਰ ਨਹੀਂ ਕਰਦਾ।ਸੋ, ਸਤਿਗੁਰੂ ਜੀ ਦੀ ਸ਼ੋਭਾ ਕਰਦਾ ਹੋਇਆ ਲਿਖਦਾ ਹੈ:-

ਜੈ ਜੈ ਦੇਵ ਕਰਹਿ ਸਭ ਹੀ ਤਿਹ ਆਨ ਪਰੇ ਗੁਰ ਕੀ ਸਰਣਾ॥

ਖਾਲਸਾ ਸਾਜਣ ਦਾ ਹਾਲ ਲਿਖਦਿਆਂ ਕਵੀ ਕਹਿੰਦਾ ਹੈ ਕਿ ਸ੍ਰੀ ਅਕਾਲ ਪੁਰਖ ਨੇ ਸਤਿਗੁਰੂ ਗੋਬਿੰਦ ਸਿੰਘ ਜੀ ਨੂੰ ਇਉਂ ਕਿਹਾ:-

ਤੁਝੈ ਜੋ ਬਨਾਇਆ।ਸੁ ਏਹੀ ਉਪਾਇਆ।ਕਰਹੁ ਪੰਥ ਮੇਰਾ।ਧਰਮ ਕਾਜ ਕੇਰਾ।

ਇਹ ਕਵੀ ਕਿਤੇ ਵੀ ਨਹੀਂ ਲਿਖਦਾ ਕਿ ਦੇਵੀ ਨੇ ਕੋਈ ਵਰ ਦਿੱਤਾ।ਦੇਵੀ ਦੇ ਜੁੱਧਾਂ ਦਾ ਜ਼ਿਕਰ ਕਰਦਿਆਂ ਭੀ 'ਸੈਨਾਪਤਿ' ਲਿਖਦਾ ਹੈ ਕਿ 'ਖਾਲਸਾ ਵਾਹਿਗੁਰੂ ਮਨਾਇ' ਕੇ ਹੱਲਾ ਕਰਦਾ ਸੀ।ਕਿਸੇ ਦੇਵੀ ਦੀ ਪੂਜਾ ਦਾ ਨਾਮ ਨਿਸ਼ਾਨ, ਇਹ ਕਵੀ ਨਹੀਂ ਦੱਸਦਾ।

ਉਸ ਸਮੇਂ ਇਕ ਹੋਰ ਲਿਖਾਰੀ ਹੋਇਆ ਹੈ, ਜਿਸਦਾ ਨਾਮ ਸੀ ਮੁਨਸ਼ੀ 'ਸੁਜਾਨ ਰਾਇ'।ਇਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਸਾਰੇ ਗੁਰ-ਮਹਿਲਾਂ ਦਾ ਸੰਖੇਪ ਜੀਵਨ ਲਿਖਿਆ ਹੈ।ਸੰਮਤਿ 1752 ਵਿਚ ਇਸ ਨੇ ਪੁਸਤਕ ਸ਼ੁਰੂ ਕੀਤੀ ਤੇ ਸੰਮਤਿ 1755 ਵਿਚ ਖਤਮ ਕੀਤੀ।ਸੋ ਮੁਨਸ਼ੀ ਸੁਜਾਨ ਰਾਏ ਉਨ੍ਹਾਂ ਦਿਨਾਂ ਵਿਚ ਪੁਸਤਕ ਲਿਖ ਰਿਹਾ ਸੀ, ਜਦੋਂ ਦੇਵੀ ਪ੍ਰਗਟਾਉਣ ਵਾਲਾ ਹਵਨ ਹੁੰਦਾ ਕਿਹਾ ਜਾਂਦਾ ਹੈ।ਪਰ ਸੁਆਦਲੀ ਗੱਲ ਇਹ ਹੈ ਕਿ ਇਹ ਲਿਖਾਰੀ ਭੀ ਕਿਤੇ ਕਿਸੇ ਹਵਨ ਜਾਂ ਦੇਵੀ-ਪੂਜਾ ਦਾ ਜ਼ਿਕਰ ਨਹੀਂ ਕਰਦਾ; ਸਗੋਂ, ਉਹ ਸਿੱਖਾਂ ਦੀ ਬਾਬਤ ਇਉਂ ਲਿਖਦਾ ਹੈ---ਇਸ ਸ਼੍ਰੇਣੀ ਦਾ ਪੂਜਾ ਢੰਗ ਇਹ ਹੈ ਕਿ ਆਪਣੇ ਗੁਰੂ ਦੀ ਬਾਣੀ ਬੜੀ ਸੁਰੀਲੀ ਸੁਰ ਤੇ ਮਨੋਹਰ ਰਾਗ ਵਿਚ ਅਲਾਪਦੇ ਹਨ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਇਕ ਮੁਸਲਮਾਨ ਇਤਿਹਾਸਕਾਰ ਸੀ, ਜਿਸਦਾ ਨਾਮ 'ਮੁਹਸਨ ਫਾਨੀ' ਸੀ।ਇਸ ਨੇ ਇਕ ਪੁਸਤਕ 'ਦਬਿਸਤਾਨੇ ਮਜ਼ਾਹਬ' ਲਿਖੀ, ਇਸ ਵਿਚ ਗੁਰੂ ਹਰਿਗੋਬਿੰਦ ਸਾਹਿਬ ਦਾ ਕਈ ਥਾਈਂ ਜ਼ਿਕਰ ਕਰਦਾ ਹੈ।ਇਕ ਵਾਰ ਦੀ ਸਾਖੀ ਇਉਂ ਲਿਖਦਾ ਹੈ—ਗੁਰੂ ਹਰਿਗੋਬਿੰਦ ਸਾਹਿਬ ਪਹਾੜ ਤੇ ਸੈਰ ਵਾਸਤੇ ਗਏ।ਇਨ੍ਹਾਂ ਦੇ ਨਾਲ ਇਕ ਸਿੱਖ ਸੀ, ਜਿਸ ਦਾ ਨਾਮ 'ਫੇਰੂ' ਸੀ।ਇਕ ਦਿਨ ਇਹ ਸਿੱਖ ਇਕੱਲਾ ਕਿਸੇ ਦੇਵੀ ਦੇ ਮੰਦਰ ਵਿਚ ਚਲਾ ਗਿਆ; ਉਥੇ ਦੇਵੀ ਦੀ ਮੂਰਤੀ ਬਣੀ ਸੀ।'ਫੇਰੂ' ਨੇ ਉਸਦਾ ਨੱਕ ਕੱਟ ਦਿੱਤਾ।ਰਿਆਸਤ (ਬਿਲਾਸਪੁਰ) ਦੇ ਰਾਜੇ ਤਾਰਾ ਚੰਦ ਦੇ ਸਿਪਾਹੀਆਂ ਨੇ ਇਸ ਨੂੰ ਫੜ੍ਹ ਕੇ ਸਤਿਗੁਰੂ ਜੀ ਦੇ ਪੇਸ਼ ਕੀਤਾ।ਸਤਿਗੁਰੂ ਜੀ ਨੇ ਪੁੱਛਿਆ, ਤਾਂ ਕਹਿਣ ਲੱਗਾ ਕਿ ਦੇਵੀ ਆਪੇ ਦੱਸੇਗੀ।ਸਿਪਾਹੀਆਂ ਨੇ ਕੋਲੋਂ ਆਖਿਆ ਭਲਾ ਦੇਵੀ ਕਿਵੇਂ ਦੱਸੇ? ਫੇਰੂ ਨੇ ਉਨ੍ਹਾਂ ਨੂੰ ਉਤਰ ਦਿੱਤਾ ਜੇ ਦੇਵੀ ਇਤਨੀ ਗੱਲ ਭੀ ਨਹੀਂ ਦੱਸ ਸਕਦੀ ਤਾਂ ਤੁਹਾਨੂੰ ਕਿਵੇਂ ਬਚਾਵੇਗੀ।

ਮੁਹਸਨ ਫਾਨੀ ਦਾ ਇਸ ਸਾਖੀ ਦੇ ਲਿਖਣ ਵਿਚ ਭਾਵ ਇਹ ਹੈ ਕਿ 'ਫੇਰੂ' ਨੇ ਇਹ ਕੰਮ ਤਾਂ ਹੀ ਕੀਤਾ ਜੇ ਉਸ ਦਾ ਗੁਰੂ ਦੇਵੀ-ਪੂਜਾ ਦੇ ਵਿਰੁੱਧ ਹੀ ਸੀ।

ਇਕ ਹੋਰ ਮੁਸਲਮਾਨ ਇਤਿਹਾਸਕਾਰ (ਮੁਨਸ਼ੀ ਗੁਲਾਮ ਮੁਹਈਉਦੀਨ) ਲਿਖਦਾ ਹੈ—ਵ ਸਿਵਾਇ ਅਜ਼ ਗੁਰੂ ਨਾਨਕ ਵ ਖਿਲਫਾਇ ਊ ਬ-ਦੀਗਰ ਅਜ਼ ਸ਼ਨਾ ਵੇਦ ਹਕੂਦ ਮਸਲ ਰਾਮ ਕ੍ਰਿਸ਼ਨ ਵ ਬ੍ਰਹਮਾ ਵ ਦੇਵੀ ਇਹਤਕਾਦ ਨ ਨਮਾਯੰਦ।ਭਾਵ ਦਸ ਗੁਰੂਆਂ ਤੋਂ ਬਿਨਾਂ ਕਿਸੇ ਰਾਮ, ਕ੍ਰਿਸ਼ਨ, ਬ੍ਰਹਮਾਂ ਜਾਂ ਦੇਵੀ ਵਿਚ ਸਿੱਖ ਸ਼ਰਧਾ ਨਹੀਂ ਰੱਖਦੇ।

(3)

ਹੁਣ ਸੁਆਲ ਇਹ ਉਠਦਾ ਹੈ ਕਿ ਜੇ ਸਤਿਗੁਰੂ ਜੀ ਦੇ ਸਮਕਾਲੀ ਲਿਖਾਰੀ ਤੇ ਮੁਸਲਮਾਨ ਇਤਿਹਾਸਕਾਰ ਭੀ ਕਿਸੇ ਦੇਵੀ-ਪੂਜਾ ਦਾ ਜ਼ਿਕਰ ਨਹੀਂ ਕਰਦੇ, ਤਾਂ ਸਿੱਖ ਇਤਿਹਾਸਕਾਰਾਂ ਨੇ ਇਹ ਕਹਾਣੀ ਕਿਥੋਂ ਛੋਹ ਲਈ?

ਅਸੀਂ ਪਿੱਛੇ ਵੇਖ ਆਏ ਹਾਂ ਕਿ ਭਾਈ ਸੁੱਖਾ ਸਿੰਘ ਸ੍ਰੀ ਕਲਗੀਧਰ ਜੀ ਦੇ ਜੋਤੀ ਜੋਤਿ ਸਮਾਉਣ ਤੋਂ 100 ਸਾਲ ਪਿੱਛੋਂ ਇਹ ਸਾਖੀ ਲਿਖਦਾ ਹੈ।ਇਤਨੇ ਚਿਰ ਵਿਚ ਗੁਆਂਢੀ ਹਿੰਦੂ ਕੌਮ ਦੀ ਬੁੱਤ ਪੂਜਾ ਦਾ ਅਸਰ ਹੋ ਜਾਣਾ ਕੋਈ ਕਠਿਨ ਗੱਲ ਨਹੀਂ ਜਾਪਦੀ।ਪਰ ਏਥੇ ਤਾਂ ਇਕ ਹੋਰ ਭੁਲੇਖਾ ਭੀ ਲੱਗਾ ਜਾਪਦਾ ਹੈ।

ਲੋਕ ਆਮ ਤੌਰ ਤੇ ਸੁਣਾਇਆ ਕਰਦੇ ਹਨ ਕਿ ਸ਼ੇਖ ਫਰੀਦ ਨੇ ਇਕ ਲੱਕੜੀ ਦੀ ਰੋਟੀ ਪੱਲੇ ਬੱਧੀ ਹੋਈ ਸੀ, ਜਦੋਂ ਇਸ ਨੂੰ ਭੁੱਖ ਲੱਗਦੀ ਸੀ, ਏਸੇ ਰੋਟੀ ਨੂੰ ਹੀ ਚੱਕ ਮਾਰ ਲੈਂਦਾ ਸੀ।ਕਿਆ ਅਚਰਜ ਗੱਲ ਹੈ! ਪਰ ਇਹ ਚੱਲੀ ਕਿੱਥੋਂ? ਫਰੀਦ ਜੀ ਦੀ ਬਾਣੀ ਨੂੰ ਉਲਟ ਪੁਲਟ ਸਮਝਣ ਤੋਂ।ਫਰੀਦ ਜੀ ਲਿਖਦੇ ਹਨ:-

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥ਜਿੰਨ੍ਹਾਂ ਖਾਧੀ ਚੋਪੜੀ ਘਣੇ ਸਹਨਗੇ ਦੁਖ॥28॥

ਬੱਸ! ਇਸ ਸ਼ਲੋਕ ਨੇ ਕਾਠ ਦੀ ਰੋਟੀ ਦੀ ਸਾਖੀ ਤੋਰ ਦਿੱਤੀ।ਪਰ ਫਰੀਦ ਜੀ ਦਾ ਭਾਵ ਤਾਂ ਕੁੱਝ ਹੋਰ ਹੈ।ਆਓ, ਏਸ ਮਜ਼ਮੂਨ ਦੇ ਤ੍ਰੈਵੇ ਸ਼ਲੋਕ ਰਲਾ ਕੇ ਪੜ੍ਹ ਵੇਖੀਏ:-

ਫਰੀਦਾ ਸਕਰ ਖੰਡੁ ਨਿਵਾਤ ਗੁੜ ਮਾਖਿਓਂ ਮਾਝਾ ਦੁਧੁ॥ਸਭੇ ਵਸਤੂ ਮਿਠੀਆ ਰਬ ਨ ਪੁਜਨਿ ਤੁਧੁ॥27॥ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥ਜਿੰਨ੍ਹਾਂ ਖਾਧੀ ਚੋਪੜੀ ਘਣੇ ਸਹਨਗੇ ਦੁਖ॥28॥ਰੁਖੀ ਸੁਖੀ ਖਾਇ ਕੈ ਠੰਡਾ ਪਾਣੀ ਪੀਓ॥ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਓ॥29॥

ਏਥੋਂ ਸਾਫ ਦਿਸਦਾ ਹੈ ਕਿ ਫਰੀਦ ਜੀ 'ਸੰਤੋਖ' ਦਾ ਉਪਦੇਸ਼ ਕਰ ਰਹੇ ਹਨ, ਅਤੇ 'ਕਾਠ ਦੀ ਰੋਟੀ' ਦਾ ਭੀ ਨਿਰਣਾ ਅਗਲੇ ਸ਼ਲੋਕ ਵਿਚ ਆਪ ਹੀ ਕਰ ਦੇਂਦੇ ਹਨ, ਭਾਵ, 'ਰੁਖੀ ਸੁਖੀ' ਰੋਟੀ, ਆਪਣੀ ਮਿਹਨਤ ਦੀ ਕਮਾਈ ਹੋਈ ਰੁਖੀ ਸੁਖੀ ਰੋਟੀ।

ਕੁੱਝ ਏਸੇ ਤਰ੍ਹਾਂ ਦਾ ਭੁਲੇਖਾ ਲੱਗਦਾ ਹੈ, ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਨੂੰ ਰਤਾ ਬੇਪ੍ਰਵਾਹੀ ਨਾਲ ਪੜ੍ਹੀਏ।ਭੁਲੇਖਾ ਲੱਗਣ ਦਾ ਕਾਰਨ ਇਹ ਹੈ ਕਿ ਅਸੀਂ ਉਨਾਂ ਦੀ ਬਾਣੀ ਦੇ ਅਰਥ ਕਰਨ ਵੇਲੇ, ਉਨ੍ਹਾਂ ਦੇ ਨਵੇਂ ਵਰਤੇ ਹੋਏ ਲਫਜ਼ਾਂ ਦੇ ਅਰਥ ਆਪਣੇ ਖਿਆਲ ਦੇ ਅਨੁਸਾਰ ਕਰਨ ਦਾ ਯਤਨ ਕਰਦੇ ਹਾਂ।ਚਾਹੀਦਾ ਇਹ ਹੈ ਕਿ ਉਨ੍ਹਾਂ ਦੇ ਵਰਤੇ ਲਫਜ਼ਾਂ ਨੂੰ ਉਨ੍ਹਾਂ ਦੀ ਹੀ ਹੋਰ ਬਾਣੀ ਵਿਚੋਂ ਲੱਭ ਕੇ ਵੇਖੀਏ ਕਿ ਇਹ ਲਫਜ਼ ਉਨ੍ਹਾਂ ਕਿਓਂ ਵਰਤੇ ਤੇ ਕਿਸ ਅਰਥ ਵਿਚ ਵਰਤੇ।

ਕਵੀ 'ਬੋਲੀ' ਦਾ ਮਾਲਕ ਹੁੰਦਾ ਹੈ, 'ਬੋਲੀ' ਦਾ ਜਨਮ-ਦਾਤਾ ਹੁੰਦਾ ਹੈ।ਉਹ ਨਵੇਂ ਲਫਜ਼ ਵਰਤ ਸਕਦਾ ਹੈ ਤੇ ਪੁਰਾਣੇ ਲਫਜ਼ ਨੂੰ ਨਵੇਂ ਅਰਥ ਭੀ ਦੇ ਸਕਦਾ ਹੈ।

ਲਉ, ਹੁਣ ਵੇਖੀਏ, ਸਤਿਗੁਰੂ ਜੀ ਦੀ ਕਿਸ ਬਾਣੀ ਤੋਂ ਦੇਵੀ-ਪੂਜਾ ਦਾ ਭੁਲੇਖਾ ਸ਼ੁਰੂ ਹੋਇਆ।'ਬਚਿੱਤ੍ਰ ਨਾਟਕ' ਵਿਚ ਆਪ ਲਿਖਦੇ ਹਨ:-

ਅਬ ਮੈਂ ਅਪਨੀ ਕਥਾ ਬਖਾਨੋ॥ਤਪ ਸਾਧਤ ਜਿਹ ਬਿਧਿ ਮੁਹਿ ਆਨੋ॥ਹੇਮ ਕੁੰਟ ਪਰਬਤ ਹੈ ਜਹਾਂ॥ਸਪਤ ਸ੍ਰਿੰਗ ਸੋਭਿਤ ਹੈ ਤਹਾਂ॥1॥ਸਪਤ ਸ੍ਰਿੰਗ ਤਿਹ ਨਾਮੁ ਕਹਾਵਾ॥ਪੰਡੁ ਰਾਜ ਜਹ ਜੋਗੁ ਕਮਾਵਾ॥ਤਹ ਹਮ ਅਧਿਕ ਤਪਸਿਆ ਸਾਧੀ॥ਮਹਾ ਕਾਲ ਕਾਲਕਾ ਅਰਾਧੀ॥2॥ਇਹ ਬਿਧਿ ਕਰਤ ਤਪਸਿਆ ਭਯੋ॥ਦ੍ਵੈ ਤੇ ਏਕ ਰੂਪ ਹ੍ਵੈ ਗਯੋ॥ਤਾਤ ਮਾਤ ਮੁਰ ਅਲਖ ਅਰਾਧਾ॥ਬਹੁ ਬਿਧਿ ਜੋਗ ਸਾਧਨਾ ਸਾਧਾ॥3॥ਤਿਨ ਜੋ ਕਰੀ ਅਲਖ ਕੀ ਸੇਵਾ॥ਤਾਂ ਤੇ ਭਏ ਪ੍ਰਸੰਨ ਗੁਰਦੇਵਾ॥ਤਿਨਿ ਪ੍ਰਭਿ ਜਬ ਆਇਸ ਮੁਹਿ ਦੀਆ॥ਤਬ ਹਮ ਜਨਮ ਕਲੂ ਮਹਿ ਲੀਆ॥4॥

ਏਸ ਉਪਰ ਲਿਖੀ ਬਾਣੀ ਦੇ ਦੂਸਰੇ ਬੰਦ ਵਿਚ ਸਤਿਗੁਰੂ ਜੀ ਲਿਖਦੇ ਹਨ ਅਸਾਂ 'ਮਹਾਂ ਕਾਲ ਕਾਲਕਾ ਅਰਾਧੀ'।ਭਾਈ ਗੁਰਦਾਸ ਜੀ (ਦੂਜੇ) ਨੇ ਭੀ ਲਿਖਿਆ ਹੈ:-ਗੁਰਿ ਸਿਮਰਿ ਮਨਾਈ ਕਾਲਕਾ ਖੰਡੇ ਕੀ ਬੇਲਾ॥ਪੀਵਹੁ ਪਾਹੁਲ ਖੰਡਧਾਰ ਹੋਇ ਜਨਮੁ ਸੁਹੇਲਾ॥ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ॥ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ॥1॥41॥

ਉਪਰਲੀ ਤੁਕ ਵਿਚ ਲਫਜ਼ 'ਅਰਾਧੀ' ਤੇ ਦੂਜੀ ਤੁਕ ਵਿਚ ਲਫਜ਼ 'ਮਨਾਈ' ਸਾਫ ਦੱਸਦੇ ਹਨ ਕਿ ਲਫਜ਼ 'ਕਾਲਕਾ' ਇਸਤ੍ਰੀ ਲਿੰਗ ਹੈ।ਦੂਜੇ ਪਾਸੇ, ਜਦੋਂ ਅਸੀਂ ਸੰਸਕ੍ਰਿਤ ਦਾ ਕੋਸ਼ ਵੇਖਦੇ ਹਾਂ ਤਾਂ ਲਫਜ਼ 'ਚੰਡੀ', 'ਚੰਡਿਕਾ', 'ਪਾਰਵਤੀ', 'ਗੌਰੀ', 'ਦੁਰਗਾ' ਤੇ 'ਕਾਲੀ' ਇਕ ਦੇਵੀ ਦੇ ਹੀ ਬਹੁਤ ਸਾਰੇ ਨਾਮ ਹਨ।ਕੀ ਏਥੋਂ ਇਹ ਗੱਲ ਨਹੀਂ ਖੁਲ੍ਹਦੀ ਕਿ ਦੇਵੀ-ਪੂਜਾ ਦੀ ਕਹਾਣੀ ਦਾ ਮੁੱਢ ਏਸ ਉਪਰ ਲਿਖੀ ਬਾਣੀ ਵਿਚ ਵਰਤੇ ਲਫਜ਼ 'ਕਾਲਕਾ' ਤੋਂ ਬੱਝਦਾ ਹੈ।

ਜਿਹੜੀ 'ਅਰਦਾਸ' ਅਸੀਂ ਨਿੱਤ ਪੜ੍ਹਦੇ ਹਾਂ, ਉਸਦੇ ਅਰੰਭ ਵਿਚ ਹੀ ਲਫਜ਼ 'ਭਗੌਤੀ' ਆਉਂਦਾ ਹੈ।'ਕਾਲਕਾ' ਲਫਜ਼ ਦੇ ਪ੍ਰੇਰੇ ਹੋਏ ਲੋਕ 'ਭਗੌਤੀ' ਲਫਜ਼ ਨੂੰ ਭੀ ਦੇਵੀ ਵਾਸਤੇ ਵਰਤਿਆ ਹੋਇਆ ਹੀ ਸਮਝਦੇ ਹਨ।ਪਰ ਕਈ ਇਹ ਭੀ ਆਖਦੇ ਹਨ ਕਿ ਲਫਜ਼ 'ਭਗੌਤੀ' 'ਤਲਵਾਰ' ਵਾਸਤੇ ਵਰਤਿਆ ਹੈ।ਜੇ ਇਹ ਦੂਜੀ ਗੱਲ ਹੋਵੇ ਤਾਂ ਭੀ 'ਦੇਵੀ-ਪੂਜਾ' ਦੀ ਥਾਂ 'ਸ਼ਸਤ੍ਰ-ਪੂਜਾ' ਦਾ ਖਿਆਲ ਆ ਬਣਿਆਂ।

ਇਨ੍ਹਾਂ ਖਿਆਲਾਂ ਦਾ ਨਿਰਣਾ ਕਰਨ ਲਈ ਸ੍ਰੀ ਕਲਗੀਧਰ ਜੀ ਦੀ ਬਾਣੀ ਨੂੰ ਰਤਾ ਗਹੁ ਨਾਲ ਪੜ੍ਹ ਕੇ ਵਿਚਾਰਨ ਦੀ ਲੋੜ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਕਾਲ ਪੁਰਖ ਵਾਸਤੇ 'ਦਇਆਲ', 'ਦਇਆਨਿਧਿ', 'ਬਖਸ਼ੰਦ' ਆਦਿਕ ਕਈ ਲਫਜ਼ ਵਰਤੇ ਹੋਏ ਮਿਲਦੇ ਹਨ।ਮੂਲ ਮੰਤ੍ਰ ਵਿਚ ਪ੍ਰਮਾਤਮਾ ਨੂੰ 'ਅਕਾਲ ਮੂਰਤਿ' ਆਖਿਆ ਹੈ, ਭਾਵ, ਉਹ ਜਿਸ ਦੀ ਮੂਰਤਿ ਕਾਲ-ਰਹਿਤ ਹੈ।ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਬਚਿਤ੍ਰ-ਨਾਟਕ' ਦੇ ਆਰੰਭ ਵਿਚ ਹੀ ਜਦੋਂ ਆਪਣੇ 'ਇਸ਼ਟ' ਦੀ 'ਉਸਤਤਿ' ਕਰਦੇ ਹਨ, ਤਾਂ ਉਸ ਦਾ ਨਾਮ 'ਕਾਲ' ਰੱਖਦੇ ਹਨ, ਤੇ ਲਿਖਦੇ ਹਨ 'ਸ੍ਰੀ ਕਾਲ ਜੀ ਦੀ ਉਸਤਤਿ'।

ਇਹ ਸ੍ਰੀ ਕਾਲ ਕੌਣ ਹੈ-ਏਸ ਗੱਲ ਦਾ ਨਿਰਣਾ ਸਤਿਗੁਰੂ ਜੀ ਆਪ ਹੀ ਏਸ 'ਉਸਤਤਿ' ਵਾਲੀ ਬਾਣੀ ਵਿਚ ਇਉਂ ਕਰਦੇ ਹਨ:-

ਕਾਲ ਹੀ ਪਾਇ ਭਯੋ ਭਗਵਾਨ ਸੁ ਜਾਗਤ ਯਾ ਜਗ ਜਾਕੀ ਕਲਾ ਹੈ॥ਕਾਲ ਹੀ ਪਾਇ ਭਯੋ ਬ੍ਰਹਮਾ ਸਿਵ ਕਾਲ ਹੀ ਪਾਇ ਭਯੋ ਜੁਗੀਆ ਹੈ॥ਕਾਲ ਹੀ ਪਾਇ ਸੁਰਾਸੁਰ ਗੰਧਰਬ ਜੱਛ ਭੁਜੰਗ ਦਿਸਾ ਬਿਦਿਸਾ ਹੈ।ਅਉਰ ਸਕਾਲ ਸਬੈ ਬਸਿ ਕਾਲ ਕੇ ਏਕ ਹੀ ਕਾਲ ਅਕਾਲ ਸਦਾ ਹੈ॥ਸੋ 'ਅਕਾਲ'-ਪੁਰਖ ਨੂੰ ਹੀ 'ਸ੍ਰੀ ਕਾਲ' ਦਾ ਨਾਮ ਸਤਿਗੁਰੂ ਜੀ ਨੇ ਦਿੱਤਾ ਹੈ।

'ਬਚਿਤ੍ਰ ਨਾਟਕ' ਦੇ ਪਹਿਲੇ ਅਧਿਆਇ ਦੇ (ਜਿਸ ਵਿਚ ਕੇਵਲ 'ਸ੍ਰੀ ਕਾਲ ਜੀ ਦੀ ਉਸਤਤਿ' ਹੈ) 101 ਛੰਦ ਹਨ।ਅਧਿਆਇ ਦੇ ਅਖੀਰ ਵਿਚ ਹੇਠ ਲਿਖੇ ਲਫਜ਼ ਹਨ:-

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਸ੍ਰੀ ਕਾਲ ਜੀ ਕੀ ਉਸਤਤਿ ਪ੍ਰਿਥਮੋ ਧਿਆਇ ਸੰਪੂਰਨੰਸੁਭਮਸਤ॥ਅਫਜੂ 101॥

ਏਥੋਂ ਇਹ ਗੱਲ ਸਿੱਧ ਹੋਈ ਕਿ ਪਹਿਲੇ ਅਧਿਆਇ ਦੇ 101 ਛੰਦਾਂ ਵਿਚ ਕੇਵਲ 'ਸ੍ਰੀ ਕਾਲ' ਜੀ ਦੀ ਉਸਤਤਿ ਹੈ ਤੇ 'ਸ੍ਰੀ ਕਾਲ' ਜੀ ਨੂੰ ਹੀ ਵੱਖੋ ਵੱਖਰੇ ਨਾਮ ਦੇਕੇ ਉਸਨੂੰ ਨਮਸਕਾਰ ਕੀਤੀ ਤੇ ਸਲਾਹਿਆ ਹੈ।

ਸ਼ੁਰੂ ਵਿਚ ਹੀ 'ਸ੍ਰੀ ਕਾਲ ਜੀ' ਦੀ ਜੈ ਜੈ ਕਾਰ ਇਉਂ ਕੀਤੀ ਹੈ:-

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰਬੰਡੰ॥ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ॥ਸੁਖ ਸੰਤਾਂ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸਿ ਸਰਣੰ॥ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ॥2॥

ਏਸ ਛੰਦ ਵਿਚ 'ਸ੍ਰੀ ਕਾਲ' ਵਾਸਤੇ ਲਫਜ਼ 'ਅਸਿ' ਤੇ 'ਤੇਗ' ਵਰਤੇ ਹਨ।ਏਸੇ ਹੀ ਅਧਿਆਇ ਦੇ ਛੰਦ ਨੰ:101 ਵਿਚ ਸ੍ਰੀ ਕਾਲ ਜੀ ਦੀ ਇਉਂ ਉਪਮਾ ਕਰਦੇ ਹਨ:-

ਕਾਗਦ ਦੀਪ ਸਭੈ ਕਰ ਕੇ ਅਰ ਸਾਤ ਸਮੁੰਦ੍ਰਨ ਕੀ ਮਸੁ ਕੈ ਹੋ॥ਕਾਟਿ ਬਨਾਸਪਤੀ ਸਗਰੀ ਲਿਖਬੇ ਹੂੰ ਕੇ ਲੇਖਨ ਕਾਜਿ ਬਨੈ ਹੋ॥ ਸਾਰਸੁਤੀ ਬਕਤਾ ਕਰਕੈ ਜੁਗ ਕੋਟਿ ਗਨੇਸ਼ ਕੇ ਹਾਥਿ ਲਿਖੈ ਹੋ॥ਕਾਲ! ਕ੍ਰਿਪਾਨ! ਬਿਨਾ ਬਿਨਤੀ ਨ ਤਉ ਤੁਮ ਕੋ ਪ੍ਰਭੁ! ਨੈਕ ਰਿਝੈ ਹੋ॥101॥

ਏਸ ਛੰਦ ਦੀ ਅਖੀਰਲੀ ਤੁਕ ਵਿਚ ਸਤਿਗੁਰੂ ਜੀ ਆਪਣੇ ਇਸ਼ਟ ਨੂੰ ਹੇਠ ਲਿਖੇ ਤਿੰਨ ਨਾਵਾਂ ਨਾਲ ਸੰਬੋਧਨ ਕਰਦੇ ਹਨ:-

ਹੇ ਕਾਲ! ਹੇ ਕ੍ਰਿਪਾਨ! ਹੇ ਪ੍ਰਭ!

ਸੋ, ਏਥੇ ਸ੍ਰੀ ਪ੍ਰਭੂ ਜੀ ਸ੍ਰੀ ਕਾਲ ਜੀ ਨੂੰ 'ਕ੍ਰਿਪਾਨ' ਨਾਮ ਦਿੱਤਾ ਹੈ।

ਬਚਿਤ੍ਰ ਨਾਟਕ ਦੇ ਅਰੰਭ ਵਿਚ ਹੀ ਗ੍ਰੰਥ ਦੀ ਪੂਰਨਤਾ ਵਾਸਤੇ ਇਉਂ ਅਰਦਾਸ ਕਰਦੇ ਹਨ:-

ਨਮਸਕਾਰ ਸ੍ਰੀ ਖੜਗ ਕੋ ਕਰੌਂ ਸੁ ਹਿਤੁ ਚਿਤੁ ਲਾਇ॥ਪੂਰਨ ਕਰੌਂ ਗ੍ਰਿੰਥੁ ਇਹੁ ਤੁਮ ਮੁਹਿ ਕਰਹੁ ਸਹਾਇ॥1॥

ਸਾਧਾਰਨ ਮਨੁੱਖ ਭੀ ਜਾਣਦਾ ਹੈ ਕਿ ਪੁਸਤਕ ਦੇ ਲਿਖਣ ਦਾ ਕਿਸੇ 'ਸ਼ਸਤ੍ਰ' ਨਾਲ ਕੋਈ ਸੰਬੰਧ ਨਹੀਂ ਹੋ ਸਕਦਾ।ਜਿਵੇਂ 'ਅਸਿ', 'ਤੇਗ' ਤੇ 'ਕ੍ਰਿਪਾਨ' ਨਾਮ 'ਸ੍ਰੀ ਕਾਲ ਜੀ' ਨੂੰ ਦਿੱਤੇ ਹਨ ਤਿਵੇਂ 'ਸ੍ਰੀ ਖੜਗ' ਭੀ 'ਸ੍ਰੀ ਕਾਲ ਜੀ' ਦਾ ਨਾਮ ਹੈ।ਕਿਉਂ ਇਹ ਨਾਮ ਸ੍ਰੀ ਕਾਲ ਜੀ ਲਈ ਵਰਤੇ ਹਨ? ਕਿਉਂਕਿ ਦੋਹਾਂ ਵਿਚ ਇਕ ਸਾਂਝਾ ਗੁਣ ਹੈ।'ਸ਼ਸਤ੍ਰ' ਸਭ ਦੀ ਮੌਤ ਦਾ ਕਾਰਣ ਬਣਦਾ ਹੈ ਤੇ 'ਸ੍ਰੀ ਕਾਲ' ਭੀ ਸਭ ਦੀ ਮੌਤ ਦਾ ਕਾਰਣ ਹੈ।

ਪਰ ਨਿਰੇ 'ਅਸਿ', ਤੇਗ', 'ਕ੍ਰਿਪਾਨ' ਤੇ 'ਖੜਗ' ਹੀ ਮੌਤ ਦਾ ਮੂਲ ਨਹੀਂ ਹਨ, ਹੋਰ ਭੀ ਸਾਰੇ ਸ਼ਸਤ੍ਰਾਂ ਦਾ ਇਹੀ ਕੰਮ ਹੈ।ਇਸ ਖਿਆਲ ਨੂੰ ਮੁੱਖ ਰੱਖਕੇ ਹਜ਼ੂਰ 'ਸ੍ਰੀ ਕਾਲ ਜੀ' ਦੀ ਇਉਂ ਉਸਤਿਤ ਕਰਦੇ ਹਨ:-

ਨਮੋ ਤੀਰ ਤੋਪੰ॥ਜਿਨੈ ਸ਼ਤ੍ਰ ਘੋਪੰ॥ਨਮੋ ਧੋਪ ਪੱਟੰ॥ਜਿਨੈ ਦੁਸਟ ਦੱਟੰ॥90॥ਜਿਤੇ ਸ਼ਸਤ੍ਰ ਨਾਮੰ॥ਨਮਸਕਾਰ ਤਾਮੰ॥ਜਿਤੇ ਅਸਤ੍ਰ ਭੇਯੰ॥ਨਮਸਕਾਰ ਤੇਯੰ॥91॥

ਕਈ ਸੱਜਣ ਲਾਪ੍ਰਵਾਹੀ ਨਾਲ ਇਨ੍ਹਾਂ ਛੰਦਾਂ ਦਾ ਪਾਠ ਕਰਕੇ ਇਹ ਖਿਯਾਲ ਬਣਾ ਲੈਂਦੇ ਹਨ ਕਿ ਏਥੇ ਸਤਿਗੁਰੂ ਜੀ ਨੇ ਸ਼ਸਤ੍ਰ-ਪੂਜਾ ਕੀਤੀ ਹੈ।ਪਰ ਏਸੇ ਹੀ ਅਧਿਆਇ ਵਿਚ ਸਤਿਗੁਰੂ ਜੀ ਲਿਖਦੇ ਹਨ ਕਿ ਜਿਸ ਨੂੰ ਅਸੀਂ 'ਖੜਗ' 'ਕ੍ਰਿਪਾਣ' ਆਦਿਕ ਨਾਮਾਂ ਨਾਲ ਪੁਕਾਰਦੇ ਹਾਂ, ਉਹ ਸਦਾ ਇਕ ਰੂਪ ਰਹਿਣ ਵਾਲਾ ਹੈ, ਉਸ ਵਿਚ ਕਦੇ ਤਬਦੀਲੀ ਨਹੀਂ ਆਉਂਦੀ, ਅਤੇ ਚੌਦਾਂ ਲੋਕਾਂ ਵਿਚ ਉਸਦੀ ਜੋਤਿ ਵਿਯਾਪਕ ਹੈ।ਆਪ ਫੁਰਮਾਉਂਦੇ ਹਨ:-

ਨਮੋ ਖੜਗ ਖੰਡੰ ਕ੍ਰਿਪਾਣੰ ਕਟਾਰੰ॥ਸਦਾ ਏਕ ਰੂਪੰ ਸਦਾ ਨਿਰਬਿਕਾਰੰ॥ਨਮੋ ਬਾਣ ਪਾਣੰ ਨਮੋ ਦੰਡ ਧਾਰਿਯੰ॥ਜਿਨੈ ਚੌਦਹੂੰ ਲੋਕ ਜੋਤਿੰ ਬਿਸਥਾਰਯੰ॥87॥

ਜਿਸ 'ਸ੍ਰੀ ਕਾਲ ਜੀ' ਨੂੰ ਤੀਰ, ਤੋਪ, ਖੜਗ, ਖੰਡਾ ਆਦਿਕ ਨਾਮਾਂ ਨਾਲ ਸਤਿਗੁਰੂ ਜੀ ਨੇ ਪੁਕਾਰਿਆ ਹੈ, ਉਸਦਾ ਏਸੇ ਹੀ ਅਧਿਆਇ ਵਿਚ ਕੋਮਲ ਜਿਹਾ ਰੂਪ ਭੀ ਬਿਆਨ ਕਰਦੇ ਹਨ, ਫੇਰ ਉਸ ਦਾ ਇਕ ਭਿਆਨਕ ਦ੍ਰਿਸ਼ ਭੀ ਦਿਖਾਇਆ ਹੈ:-

ਕਹੂੰ ਫੂਲ ਹ੍ਵੈ ਕੈ ਭਲੇ ਰਾਜ ਫੂਲੇ॥ਕਹੂੰ ਭੰਵਰ ਹ੍ਵੈ ਕੈ ਭਲੀ ਭਾਂਤਿ ਭੂਲੇ॥ਕਹੂੰ ਪਵਨ ਹ੍ਵੈ ਕੈ ਬਹੇ ਬੇਗਿ ਐਸੇ॥ਕਹੇ ਮੋ ਨ ਆਵੈ ਕਥੋਂ ਤਾਹਿ ਕੈਸੇ॥12॥

'ਸ੍ਰੀ ਕਾਲ ਜੀ' ਦੀ ਇਹ ਕੋਮਲਤਾ ਦੱਸ ਕੇ, ਭਿਆਨਕ ਰੂਪ ਇਉਂ ਬਿਆਨ ਕਰਦੇ ਹਨ:-

ਕਰੰ ਬਾਮ ਚਾਪਯੰ ਕ੍ਰਿਪਾਣੰ ਕਰਾਲੰ॥ਮਹਾ ਤੇਜ ਤੇਜੰ ਬਿਰਾਜੈ ਬਿਸਾਲੰ॥ਮਹਾ ਦਾੜ ਦਾੜੰ ਸੁ ਸੋਹੰ ਅਪਾਰੰ॥ਜਿਨੈ ਚਰਬੀਯੰ ਜੀਵ ਜਗਯੰ ਹਜ਼ਾਰੰ॥18॥ਡਮਾ ਡੰਮ ਡਉਰੂ ਸਿਤਾ ਸੇਤ ਛਤ੍ਰੰ॥ਹਾਹਾ ਹੂਹੂ ਹਾਸੰ ਝਮਾ ਝੱਮ ਅਤ੍ਰੰ॥ਮਹਾ ਘੋਰ ਸਬਦੰ ਬਜੇ ਸੰਖ ਐਸੇ॥ਪ੍ਰਲੈ ਕਾਲ ਕੇ ਕਾਲ ਕੀ ਜ੍ਵਾਲ ਜੈਸੇ॥19॥

ਅਕਾਲ ਪੁਰਖ ਨੂੰ ਮੌਤ-ਰੂਪ ਦੱਸ ਕੇ, ਉਸ ਨੂੰ ਸ਼ਸਤ੍ਰਾਂ ਦੇ ਨਾਮ ਦੇ ਕੇ, ਸ਼ਸਤ੍ਰਧਾਰੀ ਦਿਖਾ ਕੇ ਤੇ ਉਸਦਾ ਭਿਆਨਕ ਰੂਪ ਬਿਆਨ ਕਰਕੇ, ਕੀ ਸਤਿਗੁਰੂ ਜੀ ਨੇ ਉਸਦੇ 'ਜਮਾਲ' ਦੇ ਨਾਲ 'ਜਲਾਲ' ਦੀ ਤਸਵੀਰ ਨਹੀਂ ਖਿੱਚੀ? ਕਿਉਂ ਖਿੱਚੀ? ਏਸ ਵਾਸਤੇ ਕਿ ਸਿੰਘਾਂ ਦੇ ਮਨ ਵਿਚੋਂ ਮੌਤ ਦਾ ਭਉ ਦੂਰ ਹੋ ਜਾਏ, ਪੈਦਾ ਕਰਨ ਵਾਲਾ, ਪਾਲਣਹਾਰ ਤੇ ਨਾਸ਼ ਕਰਨ ਵਾਲਾ ਹਰ ਵੇਲੇ ਉਸੇ ਅਕਾਲ ਪੁਰਖ ਨੂੰ ਸਿੱਖ ਯਕੀਨੀ ਤੌਰ ਤੇ ਸਮਝਣ।

(5)

ਪਿਛਲੇ ਅੰਕ ਵਿਚ ਅਸੀਂ ਵੇਖ ਆਏ ਹਾਂ ਕਿ ਸ੍ਰੀ ਕਲਗੀਧਰ ਜੀ ਨੇ ਆਪਣੀ ਬਾਣੀ ਵਿਚ ਕਈ ਨਵੇਂ ਲਫਜ਼ ਨਵੇਂ ਅਰਥਾਂ ਵਿਚ ਵਰਤੇ ਹਨ, ਉਨ੍ਹਾਂ ਲਫਜ਼ਾਂ ਦਾ ਠੀਕ ਭਾਵ ਸਮਝਣ ਲਈ ਇਹ ਜ਼ਰੂਰੀ ਹੈ ਕਿ ਉਨ੍ਹਾਂ ਦੀ ਹੀ ਬਾਣੀ ਵਿਚੋਂ ਪ੍ਰਮਾਣ ਲੈਕੇ ਵਿਚਾਰੀਏ। ਸੋ, ਆਉ, ਪਹਿਲਾਂ ਇਹ ਵੇਖੀਏ ਕਿ 'ਪ੍ਰਥਮ ਭਗੌਤੀ ਸਿਮਰਿ ਕੈ' ਵਿਚ ਲਫਜ਼ 'ਭਗੌਤੀ' ਦਾ ਕੀ ਅਰਥ ਹੈ।ਸਾਡੇ ਦੇਸ਼ ਵਿਚ ਕਵੀ ਲੋਕ ਜੋਧਿਆਂ ਦੇ ਕਾਰਨਾਮੇ ਕਵਿਤਾ ਵਿਚ ਲਿਖਿਆ ਕਰਦੇ ਸਨ, ਜਿਨ੍ਹਾਂ ਨੂੰ 'ਵਾਰਾਂ' ਕਹਿੰਦੇ ਸਨ।ਇਹ 'ਵਾਰਾਂ' ਆਮ ਲੋਕਾਂ ਨੂੰ ਢਾਡੀ ਸੁਣਾਇਆ ਕਰਦੇ ਸਨ, ਤਾਂ ਕਿ ਸੁਣਨ ਵਾਲਿਆਂ ਦੇ ਅੰਦਰ ਮਰਦਊ-ਪੁਣਾ ਪੈਦਾ ਹੋਵੇ।

ਸਤਿਗੁਰੂ ਨਾਨਕ ਦੇਵ ਜੀ ਤੇ ਹੋਰ ਗੁਰ-ਮਹਲਾਂ ਨੇ ਅਕਾਲ ਪੁਰਖ ਦੀਆਂ 'ਵਾਰਾਂ' ਰਚੀਆਂ, ਕਿ ਸਿੱਖ ਸੰਗਤਾਂ ਵਿਚ ਇਹ 'ਵਾਰਾਂ' ਸੁਣ ਕੇ ਰੱਬੀ ਗੁਣ ਪੈਦਾ ਹੋਣ।ਸ੍ਰੀ ਕਲਗੀਧਰ ਜੀ ਨੇ ਅਕਾਲ ਪੁਰਖ ਦੇ ਨਾਮ ਸ਼ਸਤ੍ਰਾਂ ਵਾਲੇ ਰੱਖ ਦਿੱਤੇ, ਸੋ, ਉਸਨੂੰ 'ਭਗੌਤੀ' ਨਾਮ ਦੇਕੇ ਉਸਦੀ ਇਕ ਵਾਰ ਰਚੀ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਮ ਤੌਰ ਤੇ ਅਕਾਲ ਪੁਰਖ ਦੇ ਕੋਮਲ ਗੁਣਾਂ ਦੀ ਸਿਫਤਿ ਸਲਾਹ ਕੀਤੀ ਗਈ ਹੈ, ਪਰ ਸ੍ਰੀ ਕਲਗੀਧਰ ਜੀ ਨੇ ਖਾਲਸੇ ਵਿਚ ਬੀਰ ਰਸ ਭਰਨ ਲਈ, ਪ੍ਰਭੂ ਦਾ ਭਿਆਨਕ ਰੂਪ ਹੀ ਬਹੁਤਾ ਬਿਆਨ ਕੀਤਾ ਹੈ, ਤਾਹੀਏਂ ਨਾਮ ਭੀ ਸ਼ਸਤ੍ਰਾਂ ਵਾਲੇ ਦਿੱਤੇ।ਪ੍ਰਭੂ ਦੇ ਇਸ ਨਵੇਂ ਨਾਮ 'ਭਗੌਤੀ' ਹੇਠ 'ਸ੍ਰੀ ਭਗੌਤੀ ਜੀ ਕੀ ਵਾਰ' ਵਿਚ ਉਸ ਦੇ ਕਿਹੜੇ ਗੁਣਾਂ ਨੂੰ ਗਾਵਿਆ ਹੈ? ਉਨ੍ਹਾਂ ਹੀ ਗੁਣਾਂ ਨੂੰ ਜੋ ਇਕ 'ਸ਼ਸਤ੍ਰ' ਵਿਚ ਸਾਧਾਰਨ ਤੌਰ ਤੇ ਹੁੰਦੇ ਹਨ।ਸਤਿਗੁਰੂ ਜੀ ਆਪਣੇ ਖਾਲਸੇ ਨੂੰ ਮੌਤ ਤੋਂ ਨਿਰਭਉ ਕਰਨਾ ਚਾਹੁੰਦੇ ਸਨ, ਸੋ ਵਾਰ ਵਿਚ 'ਮੌਤ' ਦਾ ਨਕਸ਼ਾ ਹੀ ਦਿਖਾਈ ਗਏ ਹਨ।

ਪਰ ਇਹ ਕਿਵੇਂ ਪਤਾ ਲੱਗੇ ਕਿ ਸ੍ਰੀ ਕਲਗੀਧਰ ਜੀ ਇਸ ਲਫਜ਼ 'ਭਗੌਤੀ' ਨੂੰ ਕਿਸ ਭਾਵ ਵਿਚ ਵਰਤਦੇ ਹਨ? ਕੀ ਲਫਜ਼ 'ਭਗੌਤੀ' ਦਾ ਅਰਥ 'ਦੇਵੀ' ਨਹੀਂ? ਕੀ ਇਹ ਵਾਰ 'ਦੇਵੀ' ਦੀ ਸਿਫਤਿ ਵਿਚ ਨਹੀਂ?

ਕਿਸੇ ਕਵੀ ਦੇ ਨਵੇਂ ਵਰਤੇ ਲਫਜ਼ਾਂ ਦਾ ਹਾਵ ਭਾਵ ਸਮਝਣ ਵਾਸਤੇ ਉਸੇ ਕਵੀ ਰਚਨਾ ਵਿਚੋਂ ਭਾਲ ਕਰਨੀ ਚਾਹੀਦੀ ਹੈ।ਸੋ, ਆਉ ਵੇਖੀਏ ਇਸੇ 'ਵਾਰ' ਨੂੰ ਜਿਸ ਦਾ ਜ਼ਿਕਰ ਚੱਲ ਰਿਹਾ ਹੈ, ਇਸ ਦੀ ਪਉੜੀ ਨੰ:53 ਇਉਂ ਹੈ:-

ਭੇੜਿ ਮਚਿਆ ਕਲਿ ਉਮਲੀ ਸੂਲ ਧੱਗ ਉਭਾਰੀ॥ਲਈ ਭਗਉਤੀ ਦੁਰਗਸ਼ਾਹਿ ਵਰਜਾਗਣਿ ਭਾਰੀ॥ਲਾਈ ਰਾਜੇ ਸੁੰਭ ਨੋ ਰਤੁ ਪੀਐ ਪਿਆਰੀ॥ਸੁੰਭ ਪਲਾਣਹੁੰ ਡਿਗਿਆ ਉਪਮਾਂ ਬੀਚਾਰੀ।ਡੁਬਿ ਰੱਤੂ ਨਾਲਹੁ ਨਿਕਲੀ ਬਰਛੀ ਦੋ ਧਾਰੀ॥ਜਾਣੁ ਰਜਾਦੀ ਉਤਰੀ ਪੈਨ੍ਹਿ ਸੂਹੀ ਸਾਰ੍ਹੀ॥53॥

ਦੂਜੀ ਤੁਕ ਵਿਚ ਸਾਫ ਜ਼ਿਕਰ ਹੈ ਕਿ 'ਦੁਰਗਾ' ਨੇ 'ਭਗੌਤੀ' ਫੜ੍ਹ ਕੇ ਰਾਜੇ ਸੁੰਭ ਨੂੰ ਮਾਰੀ, ਉਹ ਪਲਾਣੇ ਤੋਂ ਡਿੱਗ ਪਿਆ।

ਬਾਣੀ 'ਭਗੌਤੀ ਸਤੋਤ੍ਰ' ਵਿਚ 'ਭਗੌਤੀ' ਦਾ ਭਾਵ ਖੁੱਲ੍ਹੇ ਲਫਜ਼ਾਂ ਵਿਚ ਇਉਂ ਦੱਸਦੇ ਹਨ:-

ਨਮੋ ਸ੍ਰੀ ਭਗੌਤੀ ਬਢੈਲੀ ਸਰੋਹੀ॥ਕਰੇ ਏਕ ਤੇ ਦ੍ਵੈ ਸੁਭਟ ਹਾਥ ਸੋਹੀ॥ਨਮੋ ਲੋਹ-ਪੁਤ੍ਰੀ ਅਛੋਹੰ ਰਹੰਤੀ॥ਨਮੋ ਜੀਭ ਜੁਆਲਾਮੁਖੀ ਜਿਉਂ ਬਲੰਤੀ॥1॥ਮਹਾ-ਪਾਨ ਕੀ ਭਾਨ ਗੰਗਾ ਤਰੰਗੀ॥ਲਰੇ ਸਾਮੁਹੇ ਮੋਖ ਦਾਤੀ ਅਨੰਗੀ॥ਨਮੋ ਤੇਜ ਤਰਵਾਰ ਸ੍ਰੀ ਖਗ ਖੰਡਾ॥ਮਹਾ ਰੁਦ੍ਰ ਰੂਪਾ ਬਿਰੂਪਾ ਪ੍ਰਚੰਡਾ॥2॥ਭਗੌਤੀ ਸਤੋਤ੍ਰ (ਲੋਹ ਪ੍ਰਕਾਸ਼)

ਭਗੌਤੀ ਕੀ ਹੈ? ਲੋਹੇ ਦੀ ਬਣੀ ਹੋਈ ਤਲਵਾਰ ਹੈ।ਪਰ ਇਥੇ ਇਕ ਹੋਰ ਭੁਲੇਖਾ ਆ ਪੈਂਦਾ ਹੈ।ਕੀ ਸਤਿਗੁਰੂ ਜੀ ਇਥੇ "ਪ੍ਰਥਮ ਭਗੌਤੀ ਸਿਮਰਿ ਕੈ" ਵਿਚ ਤਲਵਾਰ ਨੂੰ ਨਮਸਕਾਰ ਕਰ ਰਹੇ ਹਨ? ਨਹੀਂ।ਜਿਵੇਂ ਬਚਿਤ੍ਰ ਨਾਟਕ ਵਿਚ ਵੇਖ ਆਏ ਹਾਂ, ਇਥੇ ਭੀ

ਅਕਾਲ ਪੁਰਖ ਨੂੰ 'ਭਗੌਤੀ'(=ਤਲਵਾਰ) ਨਾਮ ਦੇ ਕੇ ਉਸਦਾ ਭਿਆਨਕ ਰੂਪ ਵਿਖਾਇਆ ਹੈ।ਵੇਖੋ, ਅਰਦਾਸ ਦੇ ਨਾਲ ਹੀ ਅਗਲੀ ਪਉੜੀ ਵਿਚ ਆਪਣੇ 'ਸ੍ਰੀ ਭਗੌਤੀ' ਜੀ ਨੂੰ ਸਤਿਗੁਰੂ ਜੀ ਇਉਂ ਵਡਿਆਉਂਦੇ ਹਨ:-

ਖੰਡਾ ਪ੍ਰਿਥਮ ਮਨਾਇ ਕੈ ਜਿਨ ਸਭ ਸੈਸਾਰ ਉਪਾਇਆ॥ ਬ੍ਰਹਮਾ ਬਿਸਨੁ ਮਹੇਸੁ ਸਾਜਿ ਕੁਦਰਤਿ ਦਾ ਖੇਲੁ ਬਣਾਇਆ॥ ਸਿੰਧੁ ਪਰਬਤ ਮੇਦਨੀ ਬਿਨੁ ਥੰਮਾਂ ਗਗਨੁ ਰਹਾਇਆ॥ ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ॥ ਤੈਂ ਹੀ ਦੁਰਗਾ ਸਾਜਿ ਕੈ ਦੈਤਾਂ ਦਾ ਨਾਸ ਕਰਾਇਆ॥ ਨੋਟ-ਭਾਵ, ਹੇ ਸ੍ਰੀ ਭਗੌਤੀ! ਤੈ ਹੀ....) ਤੈਥੋਂ ਹੀ ਬਲੁ ਰਾਮ ਲੈ ਨਾਲਿ ਬਾਣਾ ਰਾਵਣ ਘਾਇਆ।ਤੈਥੋਂ ਹੀ ਬਲੁ ਕ੍ਰਿਸਨ ਲੈ ਕੰਸੁ ਕੇਸੀ ਪਕੜਿ ਗਿਰਾਇਆ।ਬੜੇ ਬੜੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ॥ ਕਿਨੀ ਤੇਰਾ ਅੰਤ ਨ ਪਾਇਆ॥2॥ ਵਾਰ ਸ੍ਰੀ ਭਗੌਤੀ ਜੀ ਕੀ

ਨਿਰਾ ਇਹੀ ਨਹੀਂ 'ਭਗੌਤੀ ਚਰਿਤ੍ਰ' ਵਿਚ ਸ੍ਰੀ 'ਭਗੌਤੀ' ਨੂੰ 'ਤਰਵਾਰ' ਆਖ ਕੇ ਕਹਿੰਦੇ ਹਨ, ਜਿਧਰ ਮੈਂ ਤੁਰਦਾ ਹਾਂ ਤੂੰ ਹੀ ਤੂੰ ਹੈਂ। ਆਪ ਲਿਖਦੇ ਹਨ:-

ਤੁਹੀ ਖੜਗਧਾਰਾ ਤੁਹੀ ਬਾਢਵਾਰੀ॥ ਤੁਹੀ ਤੀਰ ਤਰਵਾਰ ਕਾਤੀ ਕਟਾਰੀ॥ ਹਲੱਬੀ ਜੁਨੱਬੀ ਮਗਰਬੀ ਤੁਹੀ ਹੈ॥ ਨਿਹਾਰੋਂ ਜਹਾਂ ਆਪੁ ਠਾਢੀ ਵਹੀ ਹੈ॥1॥...ਤੁਹੀ ਦੇਵ ਤੂੰ ਦੈਤ ਤੈ ਜੱਛ ਉਪਾਏ॥ ਤੁਹੀ ਤੁਰਕ ਹਿੰਦੂ ਜਗਤ ਮੈ ਬਨਾਏ॥...3॥...ਤੁਹੀ ਰਾਮ ਹ੍ਵੈ ਕੇ ਹਠੀ ਦੈਤ ਘਾਯੋ॥ ਤੁਹੀ ਕ੍ਰਿਸ਼ਨ ਹ੍ਵੈ ਕੰਸ ਕੇਸੀ ਖਪਾਯੋ॥6॥

(6)

ਹੁਣ ਅਸਾਂ ਇਹ ਵੇਖਣਾ ਹੈ ਜਿਸ 'ਕਾਲਕਾ' ਦੀ ਅਰਾਧਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਸੀ, ਉਹ ਕੌਣ ਸੀ?

ਸਭ ਤੋਂ ਪਹਿਲਾਂ ਭਾਈ ਗੁਰਦਾਸ (ਦੂਜੇ) ਜੀ ਦੀ ਗਵਾਹੀ ਗੌਰ ਨਾਲ ਪੜ੍ਹੀਏ:-

"ਗੁਰਿ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ॥1॥41॥

ਕਿਹੜੀ ਕਾਲਕਾ ਗੁਰੂ ਨੇ ਸਿਮਰ ਕੇ ਮਨਾਈ? ਇਸ ਗੱਲ ਦਾ ਉਤਰ ਭੀ ਭਾਈ ਸਾਹਿਬ ਨੇ ਆਪ ਹੀ ਅਗਲੀ ਅੱਧੀ ਤੁਕ ਵਿਚ ਦੇ ਦਿੱਤਾ ਹੈ, ਭਾਵ, ਜੋ 'ਖੰਡੇ ਕੀ ਵੇਲਾ' ਹੈ, ਜੋ ਖੰਡੇ ਦੀ ਧਾਰ ਵਾਲੀ ਹੈ।'ਸ਼ਸਤ੍ਰ' ਵੱਲ ਹੀ ਇਸ਼ਾਰਾ ਹੈ, ਜਿਵੇਂ 'ਬਚਿਤ੍ਰ ਨਾਟਕ' ਵਿਚ ਵੇਖ ਆਏ ਹਾਂ ਕਿ 'ਸ੍ਰੀ ਕਾਲ ਜੀ' ਨੂੰ ਸ਼ਸਤ੍ਰਾਂ ਦੇ ਨਾਮ ਦਿੱਤੇ ਹੋਏ ਹਨ।

ਜਦੋਂ ਅਸੀਂ ਸ੍ਰੀ ਕਲਗੀਧਰ ਜੀ ਦੀ ਆਪਣੀ ਬਾਣੀ ਇਸ ਸੰਬੰਧ ਵਿਚ ਪੜ੍ਹਦੇ ਹਾਂ, ਤਾਂ ਇਹ ਭੁਲੇਖਾ ਨਿਕਲ ਜਾਂਦਾ ਹੈ।'ਭਗੌਤੀ ਸਤੋਤ੍ਰ' ਵਿਚ 'ਭਗੌਤੀ' ਨੂੰ 'ਲੋਹੇ ਦੀ ਪੁੱਤ੍ਰੀ' ਆਖ ਕੇ ਅੱਗੇ ਹਜ਼ੂਰ ਉਸੇ ਭਗੌਤੀ ਨੂੰ ਹੀ 'ਕਾਲਕਾ' ਨਾਮ ਨਾਲ ਯਾਦ ਕਰਦੇ ਹਨ:-

ਨਮੋ ਸ੍ਰੀ ਭਗੌਤੀ ਬਢੈਲੀ ਸਰੋਹੀ॥ ਕਰੇ ਏਕ ਤੇ ਦ੍ਵੈ ਸੁਭਟ ਹਾਥ ਸੋਹੀ॥ ਨਮੋ ਲੋਹ ਪੁਤ੍ਰੀ ਅਛੋਹੰ ਰਹੰਤੀ॥ ਨਮੋ ਜੀਭ ਜੁਆਲਾਮੁਖੀ ਜਿਉਂ ਬਲੰਤੀ॥1॥ ਮਹਾਪਾਨ ਕੀ ਬਾਨ ਗੰਗਾ ਤ੍ਰੰਗੀ।ਲਰੇ ਸਾਮੁਹੇ ਮੋਖ ਦਾਤੀ ਅਨੰਗੀ॥ ਨਮੋ ਤੇਜ ਤਰਵਾਰ ਸ੍ਰੀ ਖਗ ਖੰਡਾ॥ ਮਹਾ ਰੁਦ੍ਰ ਰੂਪਾ ਬਿਰੂਪਾ ਪ੍ਰਚੰਡਾ॥2॥ ਮਹਾ ਤੇਜ ਮੰਡਾ ਦੁਖੰਡਾ ਦੁਧਾਰੀ॥ ਮਹਾ ਸਤ੍ਰ ਬਨ ਕੋ ਮਹਾ ਭੀਮ ਆਰੀ॥ ਮਹਾ ਕਾਲ ਕੀ ਕਾਲਕਾ ਕਾਲ ਕਰੁਧੰ॥ ਮਹਾ ਬਿਗ੍ਰਹੀ ਬ੍ਰਿਧ ਦਾ ਅਰਧ ਉਰਧੰ॥3॥ 'ਭਗੌਤੀ ਸਤੋਤ੍ਰ'

'ਸ੍ਰੀ ਭਗੌਤੀ ਚਰਿਤ੍ਰ' ਵਿਚ ਪਹਿਲਾਂ 'ਸ੍ਰੀ ਭਗੌਤੀ' ਨੂੰ ਸ਼ਸਤ੍ਰ ਨਾਮ ਦੇਂਦੇ ਹਨ, ਮੁੜ ਖੁੱਲ੍ਹੇ ਲਫਜ਼ਾਂ ਵਿਚ ਉਹੀ ਗੁਣ ਬਿਆਨ ਕਰਦੇ ਹਨ ਜੋ ਅਕਾਲ ਪੁਰਖ ਵਾਲੇ ਹਨ।ਇਥੇ ਭੀ 'ਸ੍ਰੀ ਭਗੌਤੀ' ਨੂੰ 'ਕਾਲਕਾ' ਨਾਮ ਨਾਲ ਭੀ ਯਾਦ ਕਰਦੇ ਹਨ:-

ਤੁਹੀ ਖੜਗਧਾਰਾ ਤੁਹੀ ਬਾਢਵਾਰੀ॥ ਤੁਹੀ ਤੀਰ ਤਰਵਾਰ ਕਾਤੀ ਕਟਾਰੀ॥ ਹਲੱਬੀ ਜੁਨੱਬੀ ਮਗਰਬੀ ਤੁਹੀ ਹੈ॥ ਨਿਹਾਰੋਂ ਜਹਾਂ ਆਪੁ ਠਾਢੀ ਵਹੀ ਹੈ॥1॥ ਤੁਹੀ ਜੋਗ ਮਾਯਾ ਤੁਹੀ ਵਾਕ ਬਾਨੀ॥ ਤੁਹੀ ਆਪੁ ਰੂਪਾ ਤੁਹੀ ਸ੍ਰੀ ਭਾਵਾਨੀ॥ ਤੁਹੀ ਬਿਸ਼ਨ ਤੂੰ ਬ੍ਰਹਮ ਤੂੰ ਰੁਦ੍ਰ ਰਾਜੈ॥ ਤੁਹੀ ਬਿਸ੍ਵ ਮਾਤਾ ਸਦਾ ਜੈ ਬਿਰਾਜੈ॥2॥ ਤੁਹੀ ਦੇਵ ਤੂੰ ਦੈਤ ਤੈ ਜੱਛ ਉਪਾਏ॥ ਤੁਹੀ ਤੁਰਕ ਹਿੰਦੂ ਜਗਤ ਮੈ ਬਨਾਏ॥ ਤੁਹੀ ਪੰਥ ਹ੍ਵੈ ਅਵਤਰੀ ਸ੍ਰਿਸ਼ਟਿ ਮਾਹੀ॥ ਤੁਹੀ ਬਕ੍ਤ ਤੇ ਬ੍ਰਹਮ ਬਾਦੋ ਬਕਾਹੀ॥3॥...ਤੁਹੀ ਰਾਮ ਹ੍ਵੈਕੈ ਹਠੀ ਦੇਤ ਘਾਯੋ॥ ਤੁਹੀ ਕ੍ਰਿਸ਼ਨ ਹ੍ਵੈ ਕੰਸ ਕੇਸੀ ਖਪਾਯੋ॥ ਤੁਹੀ ਜਾਲਪਾ ਕਾਲਕਾ ਕੈ ਬਖਾਨੀ॥ ਤੁਹੀ ਚੌਦਹੂ ਲੋਕ ਕੀ ਰਾਜਧਾਨੀ॥6॥ 'ਸ੍ਰੀ ਭਗੌਤੀ ਚਰਿਤ੍ਰ'

ਪਰ ਇਥੇ ਇਹ ਸੁਆਲ ਉਠਦਾ ਹੈ ਕਿ ਇਹ ਕੌਣ ਹੈ, ਜਿਸ ਨੂੰ ਇਸਤ੍ਰੀ-ਰੂਪ ਵਿਚ ਸੰਬੋਧਨ ਕਰ ਰਹੇ ਹਨ।ਇਹ ਪ੍ਰਸ਼ਨ ਹੱਲ ਹੋ ਜਾਂਦਾ ਹੈ, ਜਦੋਂ ਅਸੀਂ ਏਸੇ ਚਰਿਤ੍ਰ ਦਾ ਛੰਦ ਨੰ:47 ਪੜ੍ਹਦੇ ਹਾਂ, ਉਹ ਇਉਂ ਹੈ:-

ਮੇਰੁ ਕਿਯੋ ਤ੍ਰਿਣ ਤੇ ਮੁਹਿ ਜਾਹਿ ਗਰੀਬ ਨਿਵਾਜ ਨ ਦੂਸਰ ਤੋ ਸੌ॥ ਭੂਲ ਛਿਮੋ ਹਮਰੀ ਪ੍ਰਭ ਆਪੁਨ ਭੂਲਨਹਾਰ ਕਹੂੰ ਕੋਊ ਮੋਸੌ॥ ਸੇਵ ਕਰੈ ਤੁਮਰੀ ਤਿਨ ਕੇ ਛਿਨ ਮੈ ਧਨ ਲਾਗਤ ਧਾਮ ਭਰੋਸੌ॥ ਯਾ ਕਲ ਮੇ ਸਭ ਕਾਲ ਕ੍ਰਿਪਾਨ ਕੇ ਭਾਰੀ ਭੁਜਾਨ ਕੋ ਭਾਰੀ ਭਰੋਸੋ॥47॥

ਇਸ ਵਿਚ 'ਸ੍ਰੀ ਭਗੌਤੀ' ਨੂੰ 'ਪ੍ਰਭੁ' ਆਖ ਕੇ ਸੰਬੋਧਨ ਕੀਤਾ ਹੈ, ਚੌਥੀ ਤੁਕ ਵਿਚ 'ਕਾਲ' ਤੇ 'ਕ੍ਰਿਪਾਨ' ਵੀ ਆਖਿਆ ਹੈ।

ਇਹੀ ਛੰਦ ਸਾਨੂੰ 'ਬਚਿਤ੍ਰ ਨਾਟਕ' ਦੇ ਪਹਿਲੇ ਅਧਿਆਇ ਵਿਚ ਥੋੜਾ ਜਿਹਾ ਬਦਲਿਆ ਹੋਇਆ ਮਿਲਦਾ ਹੈ।ਉਥੇ 'ਸ੍ਰੀ ਕਾਲ ਜੀ ਕੀ ਉਸਤਤਿ' ਵਿਚ ਉਚਾਰਿਆ ਹੈ।ਲਉ ਪੜ੍ਹੋ:-

ਸਵੈਯਾ॥ਮੇਰੁ ਕਰੋ ਤ੍ਰਿਣ ਤੇ ਮੁਹਿ ਜਾਹਿ ਗਰੀਬ ਨਿਵਾਜ ਨ ਦੂਸਰ ਤੋ ਸੋ॥ਭੂਲ ਛਿਮੋ ਹਮਰੀ ਪ੍ਰਭ ਆਪਨ ਭੂਲਨ ਹਾਰ ਕਹੂੰ ਕੋਊ ਮੋ ਸੋ॥ਸੇਵ ਕਰੀ ਤੁਮਰੀ ਤਿਨ ਕੇ ਸਭ ਹੀ ਗ੍ਰਿਹ ਦੇਖੀਅਤ ਦ੍ਰਬ ਭਰੋ ਸੋ॥ਯਾ ਕਲ ਮੇ ਸਭ ਕਾਲ ਕ੍ਰਿਪਾਨ ਕੇ ਭਾਰੀ ਭੁਜਾਨ ਕੋ ਭਾਰੀ ਭਰੋਸੋ॥

ਸੋ, ਇਹ ਗੱਲ ਸਾਫ ਹੋ ਗਈ ਕਿ ਸਤਿਗੁਰੂ ਜੀ ਦੀ 'ਸ੍ਰੀ ਭਗੌਤੀ' 'ਸ੍ਰੀ ਕਾਲ ਜੀ' ਹੀ ਹੈ; 'ਸ੍ਰੀ ਕਾਲ ਜੀ' ਨੂੰ ਹੀ ਆਪ 'ਕਾਲਕਾ' ਨਾਮ ਦੇਂਦੇ ਹਨ।ਇਹ ਸਾਰੇ ਨਵੇਂ ਨਾਮ 'ਸ੍ਰੀ ਕਾਲ ਜੀ' ਦਾ 'ਜਲਾਲ' ਪ੍ਰਗਟ ਕਰਦੇ ਹਨ ਅਤੇ ਵਰਤੇ ਇਸ ਵਾਸਤੇ ਹਨ ਕਿ ਇਹ ਬਾਣੀ ਪੜ੍ਹਕੇ ਖਾਲਸੇ ਵਿਚ ਧਰਮ ਜੁਧ ਦਾ ਚਾਉ ਪੈਦਾ ਹੋਵੇ।

ਨੋਟ:- ('ਪੰਜ ਦਰਿਆ' ਰਸਾਲੇ ਵਿਚ ਦਸਮੇਸ਼ ਬਾਣੀ ਦੀਆਂ ਕੁੱਝ ਛਾਪੀਆਂ ਗਲਤੀਆਂ ਨੂੰ ਪੰ: ਯੂ: ਪਟਿਆਲਾ ਵੱਲੋਂ ਪ੍ਰਕਾਸ਼ਤ 'ਸ਼ਬਦਾਰਥ ਪੋਥੀਆਂ' ਨਾਲ 'ਸ਼ੁੱਧ' ਕੀਤਾ ਗਿਆ ਹੈ- ਅਮਰਜੀਤ ਸਿੰਘ ਖੋਸਾ, ਡੈਲਟਾ, ਬੀ.ਸੀ, ਕੈਨੇਡਾ)